# India-Italy Virtual Summit

November 06, 2020

........................................................................................................................

## ਭਾਰਤ-ਇਟਲੀ ਵਰਚੁਅਲ ਸ਼ਿਖਰ ਸੰਮੇਲਨ

6 ਨਵੰਬਰ, 2020

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਇਟਲੀ ਦੇ ਪ੍ਰਧਾਨ ਮੰਤਰੀ ਪ੍ਰੋਫੈਸਰ ਗਿਉਸੇਪ ਕੌਂਟੇ ਵਿਚਾਲੇ 6 ਨਵੰਬਰ, 2020 ਨੂੰ ਵਰਚੁਅਲ ਮਾਧਿਅਮ ਰਾਹੀਂ ਦੁਵੱਲਾ ਸ਼ਿਖਰ ਸੰਮੇਲਨ ਹੋਇਆ।

ਪ੍ਰਧਾਨ ਮੰਤਰੀ ਮੋਦੀ ਨੇ ਪ੍ਰੋਫੈਸਰ ਗਿਉਸੇਪ ਕੌਂਟੇ ਦੀ 2018 ਦੀ ਭਾਰਤ ਫੇਰੀ ਨੂੰ ਯਾਦ ਕੀਤਾ ਅਤੇ ਪਿਛਲੇ ਦਿਨੀਂ ਭਾਰਤ-ਇਟਲੀ ਸਬੰਧਾਂ ਵਿੱਚ ਆਈ ਤੇਜ਼ ਰਫਤਾਰ ਦੀ ਸ਼ਲਾਘਾ ਕੀਤੀ। ਪ੍ਰਧਾਨ ਮੰਤਰੀ ਪ੍ਰੋਫੈਸਰ ਕੌਂਟੇ ਨੇ ਹਾਲਾਤ ਦੇ ਠੀਕ ਹੋਣ 'ਤੇ ਪ੍ਰਧਾਨ ਮੰਤਰੀ ਮੋਦੀ ਨੂੰ ਛੇਤੀ ਤੋਂ ਛੇਤੀ ਇਟਲੀ ਆਉਣ ਦਾ ਸੱਦਾ ਦਿੱਤਾ।

ਇਸ ਸ਼ਿਖਰ ਸੰਮੇਲਨ ਨਾਲ ਦੋਵਾਂ ਆਗੂਆਂ ਨੂੰ ਦੁਵੱਲੇ ਸੰਬੰਧਾਂ ਦੇ ਵਿਆਪਕ ਢਾਂਚੇ ਦਾ ਜਾਇਜ਼ਾ ਲੈਣ ਦਾ ਮੌਕਾ ਮਿਲਿਆ। ਦੋਨਾਂ ਨੇਤਾਵਾਂ ਨੇ COVID -19 ਮਹਾਂਮਾਰੀ ਸਮੇਤ ਸਾਂਝੀਆਂ ਕੌਮਾਂਤਰੀ ਚੁਣੌਤੀਆਂ ਖਿਲਾਫ ਸਹਿਯੋਗ ਨੂੰ ਮਜ਼ਬੂਤ ਕਰਨ ਪ੍ਰਤੀ ਆਪਣੀ ਵਚਨਬੱਧਤਾ ਦੀ ਤਸਦੀਕ ਕੀਤੀ।

ਦੋਨਾਂ ਨੇਤਾਵਾਂ ਨੇ ਸਿਆਸੀ, ਆਰਥਿਕ, ਵਿਗਿਆਨਕ ਅਤੇ ਤਕਨੀਕੀ, ਪੁਲਾੜ ਅਤੇ ਰੱਖਿਆ ਸਹਿਯੋਗ ਸਮੇਤ ਵੱਖ ਵੱਖ ਮੁੱਦਿਆਂ 'ਤੇ ਵਿਚਾਰ ਵਟਾਂਦਰੇ ਕੀਤੇ। ਖੇਤਰੀ ਅਤੇ ਕੌਮਾਂਤਰੀ ਮੁੱਦਿਆਂ ਬਾਰੇ ਦੋਵੇਂ ਧਿਰਾਂ ਨੇ ਬਹੁਪੱਖੀ ਮੰਚਾਂ, ਖਾਸ ਕਰ G -20 ਅੰਦਰ, ਨੇੜਲਾ ਤਾਲਮੇਲ ਕਰਨ ਉੱਤੇ ਸਹਿਮਤੀ ਦਿੱਤੀ। ਇਟਲੀ ਦਸੰਬਰ, 2021 ਵਿੱਚ G -20 ਦੀ ਪ੍ਰਧਾਨਗੀ ਦਾ ਅਹੁਦਾ ਸੰਭਾਲੇਗਾ ਅਤੇ ਉਸ ਤੋਂ ਬਾਅਦ 2022 ਵਿੱਚ ਇਹ ਅਹੁਦਾ ਭਾਰਤ ਸੰਭਾਲੇਗਾ। ਭਾਰਤ ਅਤੇ ਇਟਲੀ, ਦੋਨੋਂ ਮਿਲਕੇ ਦਸੰਬਰ, 2020 ਤੋਂ G -20 ਤਿਕੜੀ ਦਾ ਹਿੱਸਾ ਬਣਨਗੇ। ਭਾਰਤ ਨੇ ਇਟਲੀ ਵੱਲੋਂ ਪ੍ਰਵਾਨਗੀ ਦੀ ਪ੍ਰਕਿਰਿਆ ਪੂਰੀ ਹੁੰਦੇ ਹੀ ISA ਵਿੱਚ ਸ਼ਾਮਲ ਹੋਣ ਦੇ ਫੈਸਲੇ ਦਾ ਸਵਾਗਤ ਕੀਤਾ।

ਇਸ ਸ਼ਿਖਰ ਸੰਮੇਲਨ ਦੇ ਮੌਕੇ 'ਤੇ ਊਰਜਾ, ਮੱਛੀ ਪਾਲਣ, ਜਹਾਜ਼ ਨਿਰਮਾਣ, ਡਿਜ਼ਾਈਨ ਆਦਿ ਵੱਖ ਵੱਖ ਖੇਤਰਾਂ ਵਿੱਚ 15 ਮੈਮੋਰੈਂਡਮ ਆਫ ਅੰਡਰਸਟੈਂਡਿੰਗ / ਸਮਝੌਤਿਆਂ 'ਤੇ ਹਸਤਾਖਰ ਕੀਤੇ ਗਏ।

ਨਵੀਂ ਦਿੱਲੀ
6 ਨਵੰਬਰ, 2020

DISCLAIMER: This is an approximate translation. The original is available in English on MEA’s website and may be referred to as the official press release.